
ELECTION 2026

Voter Hotline: 1-888-API-VOTE

ASIAN AMERICANS ADVANCING JUSTICE AAJC



Bilingual assistance is available in Bengali/Bangla (বাংলা), Cantonese (廣東話), English, Hindi (हिंदी), Korean (한국어), Mandarin (普通話), Punjabi (ਪੰਜਾਬੀ), Tagalog, Urdu (اردو), and Vietnamese (tiếng Việt)



ਕੀ ਤੁਸੀਂ ਵੋਟ ਪਾਉਣ ਲਈ ਤਿਆਰ ਹੋ?

ਚੋਣ ਦਿਵਸ: ਮੰਗਲਵਾਰ, 3 ਨਵੰਬਰ, 2026

ਵੋਟ ਪਾਉਣ ਲਈ, ਤੁਹਾਨੂੰ ਇਹ ਹੋਣਾ ਚਾਹੀਦਾ ਹੈ:

- ☐ ਇੱਕ ਅਮਰੀਕੀ ਨਾਗਰਿਕ
- ☐ ਚੋਣ ਵਾਲੇ ਦਿਨ 18 ਸਾਲ ਦੀ ਉਮਰ ਤੋਂ ਵੱਧ
- ☐ ਵੋਟ ਕਰਨ ਲਈ ਰਜਿਸਟਰਡ

ਚੋਣ ਦਿਵਸ ਤੋਂ ਪਹਿਲਾਂ:

- ਪੁਸ਼ਟੀ ਕਰੋ ਕਿ ਤੁਸੀਂ ਰਜਿਸਟਰਡ ਹੋ
- ਜੇਕਰ ਤੁਹਾਡੀ ਚੋਣ ਦਿਵਸ ਨੂੰ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਦੀ ਯੋਜਨਾ ਹੈ, ਤਾਂ ਆਪਣੇ ਪੋਲਿੰਗ ਸਥਾਨ ਦੀ ਲੋਕੇਸ਼ਨ ਅਤੇ ਇਸ ਦੇ ਕੰਮਕਾਜ ਦੇ ਘੰਟੇ ਪਹਿਲਾਂ ਹੀ ਚੈੱਕ ਕਰੋ
- ਜੇਕਰ ਤੁਹਾਡੀ ਸ਼ੁਰੂਆਤੀ ਵੋਟਿੰਗ (ਜੇਕਰ ਉਪਲਬਧ ਹੋਵੇ) ਦੌਰਾਨ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਦੀ ਯੋਜਨਾ ਹੈ, ਤਾਂ ਚੈੱਕ ਕਰੋ ਕਿ ਉਪਲਬਧ ਸ਼ੁਰੂਆਤੀ ਵੋਟਿੰਗ ਥਾਵਾਂ ਕਿਹੜੀਆਂ ਹਨ, ਇਸ ਦੇ ਕੰਮਕਾਜ ਦੇ ਘੰਟੇ ਕੀ ਹਨ, ਅਤੇ ਇਹ ਕਿਹੜੇ ਦਿਨ ਉਪਲਬਧ ਹੋਣਗੀਆਂ
- ਜੇਕਰ ਤੁਸੀਂ ਡਾਕ ਰਾਹੀਂ ਵੋਟ ਪਾਉਣ ਦੀ ਯੋਜਨਾ ਬਣਾਉਂਦੇ ਹੋ:
  - ਚੁਕਵੀਂ ਸਮਾਂ-ਸੀਮਾ ਤੱਕ ਮੇਲ-ਇਨ ਬੈਲਟ (ਵੋਟ-ਪਰਚੀ) ਲਈ ਬੇਨਤੀ ਕਰੋ
  - ਆਪਣਾ ਬੈਲਟ (ਵੋਟ-ਪਰਚੀ) ਨੂੰ ਟ੍ਰੈਕ ਕਰੋ (ਜੇਕਰ ਤੁਹਾਡਾ ਰਾਜ ਇਹ ਯੋਗਤਾ ਪ੍ਰਦਾਨ ਕਰਦਾ ਹੈ)
  - ਜੇਕਰ ਤੁਹਾਨੂੰ ਆਪਣਾ ਬੈਲਟ (ਵੋਟ-ਪਰਚੀ) ਸਮੇਂ ਸਿਰ ਨਹੀਂ ਮਿਲਦਾ ਤਾਂ ਬੈਕ-ਅੱਪ ਯੋਜਨਾ ਬਣਾਓ

ਤੁਸੀਂ ਵੋਟ ਪਾਉਣ ਦੀ ਤਿਆਰੀ ਕਿਵੇਂ ਕਰ ਸਕਦੇ ਹੋ, ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਹੇਠ ਲਿਖੇ ਲਿੰਕ 'ਤੇ ਕਲਿੱਕ ਕਰੋ:


https://www.advancingjustice-aajc.org/electionHub

ਵੋਟਿੰਗ ਕਰਦੇ ਸਮੇਂ, ਤੁਹਾਡੇ ਕੋਲ ਇਹ ਅਧਿਕਾਰ ਹਨ:

- ਜੇਕਰ ਤੁਹਾਨੂੰ ਅੰਗਰੇਜ਼ੀ ਵਿੱਚ ਕੁਝ ਮੁਸ਼ਕਲ ਹੈ ਤਾਂ ਵੋਟਿੰਗ ਬੂਥ ਵਿੱਚ ਵੋਟ ਪਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਆਪਣੀ ਪਸੰਦ ਦੇ ਕਿਸੇ ਵਿਅਕਤੀ ਨੂੰ ਲਿਆਓ
- ਕੁਝ ਥਾਵਾਂ 'ਤੇ ਸਰਕਾਰ ਵੱਲੋਂ ਭਾਸ਼ਾ ਸਹਾਇਤਾ ਪ੍ਰਾਪਤ ਕਰੋ
- ਦੂਜਿਆਂ ਦੁਆਰਾ ਡਰਾਏ-ਧਮਕਾਏ ਜਾਣ ਜਾਂ ਵਿਤਕਰਾ ਕੀਤੇ ਜਾਣ ਤੋਂ ਬਿਨਾਂ ਵੋਟ ਕਰੋ



Bilingual assistance is available in Bengali/Bangla (বাংলা), Cantonese (廣東話), English, Hindi (हिंदी), Korean (한국어), Mandarin (普通話), Punjabi (ਪੰਜਾਬੀ), Tagalog, Urdu (اردو), and Vietnamese (tiếng Việt)



- ਚੋਣਾਂ 'ਤੇ ਡਰਾਉਣਾ-ਧਮਕਾਉਣਾ ਜਾਂ ਵਿਤਕਰਾ ਇਸ ਤਰ੍ਹਾਂ ਜਾਪ ਸਕਦਾ ਹੈ ਜਿਵੇਂ ਕੋਈ ਤੁਹਾਨੂੰ ਤੁਹਾਡੇ ਬੋਲਣ ਦੇ ਲਹਿਜ਼ੇ ਦੇ ਕਾਰਨ ਪਰੇਸ਼ਾਨ ਕਰ ਰਿਹਾ ਹੈ ਜਾਂ ਵੋਟ ਦੇ ਅਧਿਕਾਰ ਤੋਂ ਇਨਕਾਰ ਕਰ ਰਿਹਾ ਹੈ ਜਾਂ ਇਸ ਝੂਠੀ ਰੂੜ੍ਹੀਵਾਦੀ ਦੇ ਤਹਿਤ ਤੁਹਾਡੇ ਵੋਟ ਦੇ ਅਧਿਕਾਰ ਨੂੰ ਚੁਨੌਤੀ ਦਿੰਦਾ ਹੈ ਕਿ ਤੁਸੀਂ ਆਪਣੀ ਜਾਤ ਜਾਂ ਨਸਲ ਦੇ ਕਾਰਨ ਨਾਗਰਿਕ ਨਹੀਂ ਹੋ।

ਵੋਟਿੰਗ ਵਿੱਚ ਆਪਣੇ ਭਾਸ਼ਾ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਲਈ ਹੇਠ ਲਿਖੇ ਲਿੰਕ 'ਤੇ ਕਲਿੱਕ ਕਰੋ:

www.advancingjustice-aajc.org/language-rights

ਜੇਕਰ ਤੁਹਾਡੇ ਮਨ ਵਿੱਚ ਵੋਟਿੰਗ ਬਾਰੇ ਕੋਈ ਸਵਾਲ ਹਨ, ਚਾਹੇ ਉਹ ਕਿੰਨਾ ਵੀ ਵੱਡਾ ਜਾਂ ਛੋਟਾ ਹੋਵੇ, ਤਾਂ ਬੰਗਾਲੀ/ਬੰਗਲਾ (বাংলা), ਕੈਂਟੋਨੀਜ਼ (廣東話), ਅੰਗਰੇਜ਼ੀ, ਹਿੰਦੀ (हिंदी), ਕੋਰੀਆਈ (한국어), ਮੈਂਡਰਿਨ (普通話), ਪੰਜਾਬੀ, ਟਾਗਾਲੋਗ, ਉਰਦੂ (اردو), ਅਤੇ ਵੀਅਤਨਾਮੀ (tiếng Việt) ਵਿੱਚ ਮਦਦ ਲਈ **1-888-API-VOTE (1-888-274-8683)** 'ਤੇ ਕਾਲ ਕਰੋ। ਅਸੀਂ ਚੋਣ ਦਿਵਸ ਤੱਕ, ਉਸ ਦਿਨ ਅਤੇ ਬਾਅਦ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹਾਂ।